# 11
# ਸਲੀਬ ਵੱਲੋਂ ਵਾਕ

## ਮੱਤੀ 27; ਮਰਕੁਸ 15; ਲੂਕਾ 23; ਯੂਹੰਨਾ 19

*''ਤਦ ਯਿਸੂ ਨੇ ਆਖਿਆ, ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ'' (ਲੂਕਾ 23:34)।*

ਸਲੀਬ ਵਾਂਗ ਕੋਈ ਹੋਰ ਚੀਜ਼ ਨਹੀਂ ਹੈ ਜੋ ਖ਼ੁਦਾ ਨੂੰ ਵਿਖਾਉਂਦੀ ਹੈ ਅਤੇ ਨਾ ਸਲੀਬ ਚੜ੍ਹਾਏ ਜਾਣ ਵਾਂਗ ਕੋਈ ਹੋਰ ਮਨੁੱਖ ਨੂੰ ਵਿਖਾਉਂਦਾ ਹੈ। ਸਲੀਬ ਘਿਣਾਉਣੀ ਅਤੇ ਬੇਢੱਬੀ ਹੈ; ਸਲੀਬ 'ਤੇ ਮੌਤ ਦੀ ਵਡਿਆਈ ਸਿਰਫ਼ ਖ਼ੁਦਾ ਹੀ ਕਰ ਸਕਦਾ ਸੀ। ਸਲੀਬ ਚੜ੍ਹਾਇਆ ਜਾਣਾ ਸੁੰਨ-ਸਮਾਧ, ਬੇਅਦਬੀ, ਸੰਤਾਪ ਭਰਿਆ, ਤਕਲੀਫਦੇਹ ਅਤੇ ਜ਼ਹਿਰ ਭਰਿਆ ਹੈ।

ਸਲੀਬ ਤੋਂ ਸਾਨੂੰ ਡੂੰਘੀ ਫ਼ਿਲਾਸਫ਼ੀ ਦੀ ਉਮੀਦ ਨਹੀਂ ਹੋਵੇਗੀ, ਪਰ ਇਸ ਤੋਂ ਇਤਿਹਾਸ ਦੇ ਕੁਝ ਅਤਿ ਮਹਾਨ ਵਾਕ ਕਹੇ ਗਏ ਸਨ। ਸਲੀਬ ਤੋਂ ਯਿਸੂ ਨੇ ਸੱਤ ਕਲਮੇ ਕਹੇ। ਪਹਿਲੇ ਤਿੰਨ ਕਲਮੇ ਦੂਜਿਆਂ 'ਤੇ ਕੇਂਦਰਿਤ ਸਨ ਜਦਕਿ ਆਖ਼ਰੀ ਚਾਰ ਕਲਮੇ ਉਹਦੇ ਆਪਣੇ ਤੇ ਸਨ।

*ਮਾਫ਼ੀ।* ਪਹਿਲਾਂ ਯਿਸੂ ਨੇ ਕਿਹਾ, ''ਹੇ ਪਿਤਾ, ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਉਹ ਨਹੀਂ ਜਾਣਦੇ ਕਿ ਉਹ ਕੀ ਕਰਦੇ ਹਨ'' (ਲੂਕਾ 23:34)। ਇਹ ਇਕ ਦੁਆ ਸੀ, ਨਾ ਕਿ ਐਲਾਨ। ਯਿਸੂ ਦਾ ਪਹਿਲਾ ਅਤੇ ਆਖ਼ਰੀ ਕਲਮਾ ਆਪਣੇ ਪਿਤਾ ਅੱਗੇ ਦੁਆਵਾਂ ਸਨ।

ਯਿਸੂ ਨੇ ਆਪਣੇ ਸਤਾਉਣ ਵਾਲਿਆਂ ਲਈ ਰਹਿਮ ਚਾਹਿਆ। ਪਰ ਖ਼ੁਦਾ ਦੀ ਮਾਫ਼ੀ ਪਾਉਣ ਲਈ, ਯਿਸੂ ਨੂੰ ਸਲੀਬ ਚੜ੍ਹਾਉਣ ਵਾਲਿਆਂ ਲਈ ਬਾਈਬਲ ਮੁਤਾਬਕ ਦੱਸੀ ਤੌਬਾ ਲਈ ਜੋ ਮੇਲ ਕਰਾਉਂਦੀ ਹੈ, ਆਪਣੇ ਆਪ ਨੂੰ ਸੌਂਪਣਾ ਜ਼ਰੂਰੀ ਸੀ।

ਯਿਸੂ ਨੇ ਉਨ੍ਹਾਂ ਵੱਲ ਹੇਠਾਂ ਨਜ਼ਰ ਮਾਰੀ ਜਿਨ੍ਹਾਂ ਉਹਨੂੰ ਸਲੀਬ 'ਤੇ ਚੜ੍ਹਾਇਆ ਸੀ ਅਤੇ ਕਿਹਾ, ''ਮੈਂ ਚਾਹੁੰਦਾ ਹਾਂ ਕਿ ਤੁਸੀਂ ਖ਼ੁਦਾ ਦੀ ਮਾਫ਼ੀ ਨੂੰ ਜਾਣ ਲਓ।'' ਸਲੀਬ 'ਤੇ ਮਰਨ ਵਾਲੇ ਦੁਆ ਘੱਟ ਹੀ ਕਰਦੇ ਸਨ। ਆਪਣੇ ਵਾਸਤੇ ਕਾਤਲਾਂ ਲਈ ਦੁਆ ਦੀ ਗੱਲ ਤਾਂ ਬਿਲਕੁਲ ਵੀ ਨਹੀਂ ਸੋਚੀ ਜਾ ਸਕਦੀ ਸੀ। ਪਰ ਯਿਸੂ ਨੇ ਆਪਣੇ ਕਾਤਲਾਂ ਲਈ ਦੁਆ ਕੀਤੀ। ਮਰਦੇ-ਮਰਦੇ ਯਿਸੂ ਨੇ ਉਨ੍ਹਾਂ ਲਈ ਮਾਫ਼ੀ ਲਈ ਦੁਆ ਕੀਤੀ ਜੋ ਖ਼ੁਦਾ ਦੇ ਪੁੱਤਰ ਨੂੰ ਕਤਲ ਕਰਨ ਦਾ ਜੁਰਮ ਕਰ ਰਹੇ ਸਨ। ਕਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਯਿਸੂ ਨੇ ਤਕਲੀਫ਼ ਦੇ ਆਪਣੇ ਪਹਿਲੇ ਘੰਟਿਆਂ ਦੌਰਾਨ ਇਹ ਵਾਕ ਕਈ ਵਾਰ ਦੁਹਰਾਇਆ। ਸਲੀਬ ਮਾਫ਼ੀ ਦਾ ਸਭ ਤੋਂ ਵੱਡਾ ਮੁਜ਼ਾਹਿਰਾ ਹੈ ਜੋ ਦੁਨੀਆਂ ਨੇ ਕਦੇ ਵੇਖਿਆ ਹੋਵੇ।

*ਮੁਕਤੀ।* ਯਿਸੂ ਨੇ ਆਪਣੇ ਨਾਲ ਸਲੀਬ ਚੜ੍ਹੇ ਡਾਕੂ ਨੂੰ ਕਿਹਾ, ''... ਅੱਜ ਤੂੰ ਮੇਰੇ ਸੰਗ ਸੁਰਗਲੋਕ ਵਿਚ ਹੋਵੇਂਗਾ'' (ਲੂਕਾ 23:43)। ਪਹਿਲਾ ਕਲਮਾ ਆਮ ਭੀੜ ਲਈ ਸੀ ਅਤੇ

ਦੂਜਾ ਖ਼ਾਸ ਕਰਕੇ ਡਾਕੂ ਲਈ। ਯਿਸੂ ਨੇ ਵਾਅਦਾ ਕੀਤਾ ਕਿ ਉਹ ਤੌਬਾ ਕਰਨ ਵਾਲਾ ਡਾਕੂ ਮਰਨ ਦੇ ਬਾਅਦ ਉਹਦੇ ਨਾਲ ਹੋਵੇਗਾ!

ਕੀ ਇਹ ਡਾਕੂ ਸਾਡੇ ਨਾਲੋਂ ਬਹੁਤਾ ਗੁਆਚਾ ਹੋਇਆ ਸੀ? ਪਾਪ ਨਾਲ ਲਿੱਬੜੇ ਪਾਪੀਆਂ ਨੂੰ ਬਚਾਉਣ ਲਈ ਲਹੂ-ਲੁਹਾਨ ਮੁਕਤੀਦਾਤੇ ਦੀ ਲੋੜ ਹੈ! ਯਿਸੂ ਨੂੰ ਪਾਪ ਮਾਫ਼ ਕਰਨ ਦਾ ਅਖ਼ਤਿਆਰ ਸੀ (ਮੱਤੀ 9:6; ਮਰਕੁਸ 2:10; ਲੂਕਾ 5:24)।

ਯਸਾਯਾਹ ਨਬੀ ਨੇ ਕਿਹਾ ਸੀ ਕਿ ਯਿਸੂ ਅਪਰਾਧੀਆਂ ਨਾਲ ਗਿਣਿਆ ਜਾਵੇਗਾ (ਯਸਾਯਾਹ 53:12)। ਉਹਨੂੰ ਦੋ ਡਾਕੂਆਂ ਵਿਚਕਾਰ ਸਲੀਬ 'ਤੇ ਚੜ੍ਹਾਇਆ ਗਿਆ ਸੀ।

*ਜ਼ਿੰਮੇਵਾਰੀ।* ਯਿਸੂ ਨੇ ਕਿਹਾ, ''ਐ ਔਰਤ, ਵੇਖ ਤੇਰਾ ਪੁੱਤਰ!'' (ਵੇਖੋ ਯੂਹੰਨਾ 19:26, 27)। ਯਿਸੂ ਨੇ ''ਐ ਔਰਤ'' ਮਾਂ ਮਰੀਅਮ ਨੂੰ ਆਖਿਆ ਅਤੇ ''ਪੁੱਤਰ'' ਯੂਹੰਨਾ ਨੂੰ।

ਯਿਸੂ ਨੇ ਆਪਣੀ ਮਾਂ ਨੂੰ ਵੇਖਿਆ। ਆਪਣੀ ਮਾਂ ਦੀ ਦੇਖਭਾਲ ਲਈ ਯੂਹੰਨਾ ਨੂੰ ਇਹ ਆਖਦਿਆਂ ਕਿ ''ਯੂਹੰਨਾ, ਉਹਦਾ ਧਿਆਨ ਰੱਖੀਂ,'' ਯਿਸੂ ਨੂੰ ਆਪਣੀ ਤਕਲੀਫ਼ ਭੁੱਲ ਗਈ ਸੀ। ਪਰ ਇਹ ਤਕਲੀਫ਼ ਭੁੱਲੀ ਨਹੀਂ ਰਹੀ। ਉਸ ਦਿਨ ਲਈ ਇਹ ਜ਼ਰੂਰੀ ਸੀ।

*ਤਕਲੀਫ਼।* ''ਹੇ ਮੇਰੇ ਪ੍ਰਮੇਸ਼ਵਰ, ਹੇ ਮੇਰੇ ਪ੍ਰਮੇਸ਼ਵਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?'' (ਮੱਤੀ 27:46; ਮਰਕੁਸ 15:34)। ਇਹ ਜ਼ਬੂਰ 22:1 ਤੋਂ ਲਿਆ ਗਿਆ ਹਵਾਲਾ ਹੈ। ਇਸ ਤੋਂ ਬਾਅਦ ਯਿਸੂ ਦੇ ਸ਼ਬਦ ਆਪਣੇ ਆਪ ਅਤੇ ਪਿਤਾ 'ਤੇ ਕੇਂਦਰਿਤ ਸਨ।

ਇਹ ਪਲ ਪੂਰੇ ਅਨਾਦੀਕਾਲ ਵਿਚ ਇੱਕੋ ਸਮਾਂ ਸੀ ਜਦ ਖ਼ੁਦਾ ਅਤੇ ਯਿਸੂ ਵੱਖ ਹੋਏ ਸਨ। ਹੈਰਾਨੀ ਦੀ ਗੱਲ ਨਹੀਂ ਕਿ ਬਾਗ਼ ਵਿਚ ਯਿਸੂ ''ਬਹੁਤ ਉਦਾਸ ਸੀ ਸਗੋਂ ਮਰਨ ਦੇ ਦਰਜੇ ਤੀਕਰ'' ਸੀ (ਮੱਤੀ 26:38)।

ਖ਼ੁਦਾ ਨੇ ਯਿਸੂ ਨੂੰ ਨਹੀਂ ਬਲਕਿ ਪਾਪ ਨੂੰ ਛੱਡਿਆ ਸੀ! ਖ਼ੁਦਾ ਉਨ੍ਹਾਂ ਪਾਪੀਆਂ ਨੂੰ ਛੱਡ ਦਿੰਦਾ ਹੈ ਜੋ ਉਹਨੂੰ ਛੱਡ ਦਿੰਦੇ ਹਨ। ਯਿਸੂ ਨੇ ਸਲੀਬ ਤੋਂ ਖ਼ੁਦਾ ਨੂੰ ਦੋ ਵਾਰ ਪੁਕਾਰਿਆ। ਇੱਥੇ ਉਹਨੇ ਪਾਇਆ ਕਿ ਖ਼ੁਦਾ ਨੇ ਖ਼ੁਦਾ ਹੀ ਰਹਿਣਾ ਸੀ। ਖ਼ੁਦਾ ਨੂੰ ਸਾਨੂੰ ਹਮੇਸ਼ਾ ਲਈ ਕਬੂਲ ਕਰਨ ਲਈ ਥੋੜ੍ਹੀ ਦੇਰ ਵਾਸਤੇ ਆਪਣੇ ਪੁੱਤਰ ਨੂੰ ਛੱਡਣਾ ਪਿਆ। ਸਲੀਬ ਦਾ ਕੁਝ ਭੇਤ ਇਸ ਵਿਚ ਵੀ ਹੈ।

ਜਿਵੇਂ ਆਮ ਤੌਰ 'ਤੇ ਹੁੰਦਾ ਹੈ, ਮਨੁੱਖ ਨੂੰ ਸਮਝ ਨਹੀਂ ਆਇਆ। ਲੋਕਾਂ ਨੂੰ ਲੱਗਾ ਕਿ ਯਿਸੂ ਏਲੀਯਾਹ ਨੂੰ ਪੁਕਾਰ ਰਿਹਾ ਹੈ! ਯਿਸੂ ਨੂੰ ਕਿੱਲਾਂ ਦਾ ਜਾਂ ਮੌਤ ਦਾ ਡਰ ਨਹੀਂ ਸੀ, ਪਰ ਪਾਪ ਬਣਨ 'ਤੇ ਆਏ ਇਕੱਲੇਪਣ ਨੇ ਉਹਨੂੰ ਕੰਬਣੀ ਲਾ ਦਿੱਤੀ ਸੀ। ਉਹਦੇ ਲਈ ਇਹ ਕਿੰਨਾ ਹੌਲਨਾਕ ਸੀ! ਯਿਸੂ ਨੂੰ ਉਹ ਸਭ ਕੁਝ ਬਣਾਇਆ ਗਿਆ ਜੋ ਖ਼ੁਦਾ ਦੀ ਨਜ਼ਰ ਵਿਚ ਪਾਪ ਹੈ, ਅਤੇ ਉਹਨੂੰ *ਇਕੱਲੇ ਹੀ* ਉਸ ਭਿਆਨਕ ਸੰਤਾਪ ਨੂੰ ਸਹਿਣਾ ਪਿਆ ਸੀ! ਉਹਨੇ ਆਪਣੇ ਆਪ ਨੂੰ ਬਚਾਉਣ ਦੀ ਜ਼ਰਾ ਕੋਸ਼ਿਸ਼ ਨਹੀਂ ਕੀਤੀ। ਦੂਜਿਆਂ ਲਈ ਉਹਦੀ ਮੌਤ ਦੀ ਇਹੀ ਗਹਿਰਾਈ ਹੈ। ਜੇ ਉਹ ਸਾਨੂੰ ਬਚਾਉਣਾ ਚਾਹੁੰਦਾ ਸੀ ਤਾਂ ਉਹ ਆਪਣੇ ਆਪ ਨੂੰ ਨਹੀਂ ਬਚਾ ਸਕਦਾ ਸੀ। ਉਹ ਦੋਵੇਂ ਕੰਮ ਨਹੀਂ ਕਰ ਸਕਦਾ ਸੀ।

*ਪਿਆਸਾ।* ਛੇ ਘੰਟਿਆਂ ਬਾਅਦ ਉਹਨੇ ਕਿਹਾ, ''ਮੈਂ ਪਿਆਸਾ ਹਾਂ'' (ਯੂਹੰਨਾ 19:28; KJV)। ਉਹਦੇ ਸ਼ਬਦਾਂ ਨਾਲ ਇਕ ਹੋਰ ਲਿਖਤ ਪੂਰੀ ਹੋਈ (ਜ਼ਬੂਰ 69:21)।

ਸਲੀਬ ਤੋਂ ਯਿਸੂ ਦੀ ਕਹੀ ਹਰ ਗੱਲ ਇੰਜੀਲ ਦੇ ਹਰ ਬ੍ਰਿਤਾਂਤ ਵਿਚ ਨਹੀਂ ਲਿਖੀ ਗਈ ਹੈ। ਬੁਨਿਆਦੀ ਤੌਰ 'ਤੇ ਇਕ ਲੇਖਕ ਨੇ ਉਹ ਵਿਖਾਇਆ ਹੈ ਜੋ ਹੋਰਨਾਂ ਨੇ ਨਹੀਂ ਵਿਖਾਇਆ ਹੈ।

ਯਿਸੂ ਸਲੀਬ 'ਤੇ ਰਹਿਣ ਦੌਰਾਨ ਪੂਰੇ ਹੋਸ਼-ਓ-ਹਵਾਸ ਵਿਚ ਰਿਹਾ। ਪਹਿਲਾਂ ਉਹਨੇ ਬੇਹੋਸ਼

ਕਰਨ ਲਈ ਦਿੱਤੀ ਜਾਣ ਵਾਲੀ ਦਵਾ ਲੈਣ ਤੋਂ ਨਾਂਹ ਕਰ ਦਿੱਤੀ ਸੀ। ਹੁਣ ਉਹਨੇ ਹੋਸ਼ ਵਿਚ ਰਹਿਣ ਲਈ ਪਾਣੀ ਮੰਗਿਆ। ਸਲੀਬ 'ਤੇ ਉਹਨੇ ਆਪਣਾ ਧੀਰਜ ਅਤੇ ਚੌਕਸੀ ਬਣਾਈ ਰੱਖੀ।

ਸਲੀਬ 'ਤੇ ਸਹੀਆਂ ਉਹਦੀਆਂ ਸਭ ਤਕਲੀਫ਼ਾਂ ਅਤੇ ਪਰੇਸ਼ਾਨੀਆਂ ਵਿੱਚੋਂ ਸਿਰਫ਼ ਪਿਆਸ ਦਾ ਹੀ ਜ਼ਿਕਰ ਹੈ। ਇਨ੍ਹਾਂ ਤਿੰਨ ਸ਼ਬਦਾਂ ਵਿਚ ਸਲੀਬ ਤੋਂ ਯਿਸੂ ਵੱਲੋਂ ਦੱਸੀ ਆਪਣੀ ਜਿਸਮਾਨੀ ਲੋੜ ਨੂੰ ਦੱਸਿਆ ਗਿਆ ਹੈ। ਉਹਨੇ ਆਪਣੇ ਲਈ ਸਿਰਫ਼ ਇਹੀ ਬੇਨਤੀ ਕੀਤੀ। ਛੋਟੇ ਜਿਹੇ ਉਹਦੇ ਵਾਕ ਵਿਚ ਸੋਚਣ ਲਈ ਮਜਬੂਰ ਕਰਨ ਵਾਲੀ ਸ਼ਕਤੀ ਹੈ। ਯਿਸੂ ਨੇ ਪਾਣੀ ਉਦੋਂ ਹੀ ਮੰਗਿਆ ਜਦ ਉਹਨੇ ਵੇਖਿਆ ਕਿ ਸਾਰਾ ਕੰਮ ਪੂਰਾ ਹੋ ਗਿਆ ਹੈ (ਯੂਹੰਨਾ 19:28)।

*ਫ਼ਤਹਿ।* ਉਹਨੇ ਕਿਹਾ, ''ਪੂਰਾ ਹੋਇਆ ਹੈ!'' (ਯੂਹੰਨਾ 19:30)। ਯੂਨਾਨੀ ਵਿਚ ਇਹ ਇੱਕੋ ਸ਼ਬਦ *tetelestai* ਹੈ। ਅੱਜ ਤਕ ਕਿਹਾ ਗਿਆ ਸਭ ਤੋਂ ਵੱਡਾ ਇਕੱਲਾ ਸ਼ਬਦ ਇਹੀ ਹੈ। ਯਿਸੂ ਹੀ ਇੱਕੋ ਸ਼ਬਦ ਨਾਲ ਮੁਕਤੀ ਦੀ ਪੂਰੀ ਯੋਜਨਾ ਨੂੰ ਸਮਝਾ ਸਕਦਾ ਸੀ![1]

ਆਪਣੀ ਮੁਕਤੀ ਦਾ ਅਰਥ ਸਮਝਣ ਲਈ ਸਾਨੂੰ ਪੂਰਾ ਅਨਾਦੀਕਾਲ ਲੱਗ ਜਾਵੇਗਾ! ਸਿਰਫ਼ ਯਿਸੂ ਹੀ ਉਹ ਸ਼ਖ਼ਸ ਹੈ ਜਿਹਨੇ ਉਹ ਕੰਮ ਪੂਰੀ ਤਰ੍ਹਾਂ ਕੀਤਾ ਜੋ ਖ਼ੁਦਾ ਕਰਨਾ ਚਾਹੁੰਦਾ ਸੀ! ਉਹਨੇ ਕਿਹਾ, *''ਟੇਟੇਲੇਸਟਾਈ!''* ਯਿਸੂ ਖ਼ੁਦਾ ਦੀ ਮਰਜ਼ੀ ਪੂਰੀ ਕਰਨ ਲਈ ਆਇਆ ਸੀ। ਉਹਨੇ ਕੀਤੀ ਵੀ! ਪਾਪ ਵਿਚ ਗੁਆਚੇ ਹੋਏ ਮਨੁੱਖ ਨੂੰ ਹੁਣ ਇਕ ਮੁਕਤੀਦਾਤਾ ਮਿਲ ਗਿਆ ਹੈ। *ਹੈਲੇਲੂਯਾਹ!*

*ਵਿਸ਼ਵਾਸ।* ਯਿਸੂ ਨੇ ਕਿਹਾ, ''ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ'' (ਲੂਕਾ 23:46)। ਉਹ ਕਿਸੇ ਸ਼ੱਕ ਵਿਚ ਨਹੀਂ ਮਰਿਆ। ਉਹ ਖੁਸ਼ੀ ਨਾਲ ਵਿਸ਼ਵਾਸ ਵਿਚ ਮਰਿਆ!

ਹਾਂ ਇਕ ਮਨੁੱਖੀ ਅਰਥ ਵਿਚ ਮਨੁੱਖ ਨੇ ਯਿਸੂ ਨੂੰ ਮਾਰਿਆ, ਪਰ ਇਕ ਹੋਰ ਅਰਥ ਵਿਚ ਮਨੁੱਖ ਨੇ ਉਹਨੂੰ ਨਹੀਂ ਮਾਰਿਆ। ਯਿਸੂ ਨੇ ਖ਼ੁਦ ਚੁਣਿਆ ਕਿ ਕਦੋਂ ਮਰਨਾ ਹੈ ਅਤੇ ਕਦੋਂ ਜੀ ਉੱਠਣਾ ਹੈ। ਉਹਨੇ ਕਿਹਾ, ''ਕੋਈ ਉਸ [ਮੇਰੀ ਜਾਨ] ਨੂੰ ਮੈਥੋਂ ਖੋਹੰਦਾ ਨਹੀਂ ਪਰ ਮੈਂ ਆਪੇ ਉਸ ਨੂੰ ਦਿੰਦਾ ਹਾਂ। ਮੇਰਾ ਅਖ਼ਤਿਆਰ ਹੈ ਜੋ ਉਹ ਨੂੰ ਦੇਵਾਂ ਅਤੇ ਮੇਰਾ ਅਖ਼ਤਿਆਰ ਹੈ ਜੋ ਉਹ ਨੂੰ ਫੇਰ ਲਵਾਂ। ਇਹ ਹੁਕਮ ਮੈਂ ਆਪਣੇ ਪਿਤਾ ਕੋਲੋਂ ਪਾਇਆ ਹੈ'' (ਯੂਹੰਨਾ 10:18)। ਯਿਸੂ ਨੇ ਪਿਲਾਤੁਸ ਨੂੰ ਦੱਸਿਆ ਕਿ ਉਹਨੂੰ ਸ਼ਕਤੀ ਸਿਰਫ਼ ਖ਼ੁਦਾ ਵੱਲੋਂ ਮਿਲੀ ਸੀ (ਯੂਹੰਨਾ 19:10, 11)। ਮਸੀਹ ਦੀ ਜਾਨ ਉਸ ਤੋਂ ਲਈ ਨਹੀਂ ਗਈ ਸੀ ਬਲਕਿ ਉਹਨੇ ਆਪਣੀ ਮਰਜ਼ੀ ਨਾਲ ਪਿਤਾ ਨੂੰ ਸੌਂਪੀ ਸੀ।

ਵਿਚਾਰ ਕਰੋ ਕਿ ਯਿਸੂ ਕਿਵੇਂ ਜੀਉਂਦਾ ਰਿਹਾ! ਵਿਚਾਰ ਕਰੋ ਕਿ ਯਿਸੂ ਕਿਵੇਂ ਮਰਿਆ! ਉਹਦੇ ਆਖ਼ਰੀ ਬੋਲਾਂ ਨੇ ਵੀ ਲਿਖਤ ਨੂੰ ਪੂਰਾ ਕੀਤਾ (ਜ਼ਬੂਰ 31:5)। ਯਿਸੂ ਭਾਵ ਸ਼ਬਦ ਨੇ (ਯੂਹੰਨਾ 1:1) ''ਵਚਨ'' ਦੀ ਇੱਜ਼ਤ ਕੀਤੀ। ਸਾਨੂੰ ਵੀ ਇਹਦੇ ਨਾਲ ਇਵੇਂ ਹੀ ਕਰਨਾ ਚਾਹੀਦਾ ਹੈ!

ਯਿਸੂ ਫ਼ਤਹਿਮੰਦ ਹੋ ਕੇ ਬੋਲਿਆ!

*ਸਲੀਬ ...*
*ਹੋਰ ਰਾਹ ਹੀ ਨਹੀਂ!*